# ਗੋਲਡਨ ਸਦਭਾਵਨਾ ਕਲੱਬ ਪੰਜਾਬ ਦਾ ਸਨਮਾਨ ਸਮਾਰੋਹ ਯਾਦਗਾਰੀ ਹੋ ਨਿਬੜਿਆ

ਜਲੰਧਰ, 30 ਜਨਵਰੀ (ਆਵਾਜ਼ ਬਿਊਰੋ)-ਗੋਲਡਨ ਸਦਭਾਵਨਾ ਕਲੱਬ ਪੰਜਾਬ ਨੇ ਆਪਣੇ ਨਵੀਂ ਕਚਹਿਰੀ ਸਥਿਤ ਮੁੱਖ ਦਫਤਰ ਦੇ ਬਾਹਰ ਸਨਮਾਨ ਸਮਾਰੋਹ ਦਾ ਆਯੋਜਨ ਕਰ ਮਾਨਵਤਾ ਦੀ ਸੇਵਾ ਨੂੰ ਸਮਰਪਿਤ ਉੱਘੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਸਮਾਰੋਹ ਦੇ ਮੁੱਖ ਮਹਿਮਾਨ ਐੱਸ.ਪੀ. ਸਿਟੀ-1 ਐੱਸ.ਕੇ. ਕਾਲੀਆ ਅਤੇ ਗੈਸਟ ਆਫ ਆਨਰ ਐੱਮ.ਕੇ. ਐਜੂਕੇਸ਼ਨਲ ਈਮੀਗ੍ਰੇਸ਼ਨ ਸਰਵਿਸਿਸ ਦੇ ਸੀ.ਈ.ਓ. ਮੋਹਨ ਕੱਕੜ, ਲਾਇਨਜ਼ 321-ਜ਼ਡੀ ਦੇ ਜ਼ਿਲ੍ਹਾ ਗਵਰਨਰ ਅਤੇ ਦੂਜੇ ਉਪ ਗਵਰਨਰ ਲਾਇਨ ਸੰਜੀਵ ਕੁਰਰੇਜਾ, ਹਰੀਸ਼ ਬੰਗਾ, ਆਨਰੇਰੀਆ ਨੇਤਾ ਚੌਧਰੀ ਰਿਸ਼ੀ ਪਾਲ ਸਿੰਘ ਐਡਵੋਕੇਟ ਅਤੇ ਇਲੈਕਟਰੀਕਲ ਡੀਲਰ ਐਸੋਸੀਏਸ਼ਨ ਜਲੰਧਰ ਦੇ ਪ੍ਰਧਾਨ ਆਈ.ਪੀ.ਐੱਸ. ਭਾਟੀਆ ਸਨ। ਇਸ ਮੌਕੇ ਕਲੱਬ ਦੇ ਵੱਲੋਂ ਵਧੀਆ ਸੇਵਾਵਾਂ ਦੇਣ ਲਈ ਕਲੱਬ ਦੇ ਸਭ ਤੋਂ ਵੱਡੇ ਐਵਾਰਡ ਵਸ਼ਿਸ਼ਟ ਸੇਵਾ ਰਤਨ ਐਵਾਰਡ 2010 ਨਾਲ ਸਰਵਸ੍ਰੀ ਸ੍ਰ. ਇਕਬਾਲ ਸਿੰਘ ਅਰਨੇਜਾ, ਗਿਆਨੀ ਸੁਖਦੇਵ ਸਿੰਘ ਦਿਓਲ ਹਰੀਪੁਰ, ਸੁਰਜੀਤ ਸਿੰਘ ਸਸਤਾ ਆਇਰਨ, ਸੁਧੀਰ ਲੂਥਰਾ ਅਤੇ ਯੁਵਾ ਸੇਵਾ ਰਤਨ ਐਵਾਰਡ 2010 ਗਗਨ ਪਸਰੀਚਾ ਆਦਮਪੁਰ ਨੂੰ ਪਟਾਕਿਆਂ ਦੀ ਗੂੰਜ ਤੇ ਫੁੱਲਾਂ ਦੀ ਵਰਖਾ ਵਿੱਚ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਕਾਲੀਆ ਨੇ ਕਲੱਬ ਦੀਆਂ ਹੁਸ਼ਿਆਰ ਬੱਚੀਆਂ ਨੂੰ ਸਕਾਲਰਸ਼ਿਪ, ਤੋਹਫੇ ਅਤੇ ਗਰੀਬਾਂ ਨੂੰ ਕੰਬਲ ਵੀ ਕਲੱਬ ਵੱਲੋਂ ਵੰਡੇ ਗਏ। ਇਸ ਮੌਕੇ ਰੰਗਾ-ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਸਮਾਰੋਹ ਵਿੱਚ ਨਾਇਬ ਤਹਿਸੀਲਦਾਰ ਗੁਰਮੀਤ ਸਿੰਘ ਨਡਾਲਾ, ਸੁਨੀਲ ਗੁਪਤਾ, ਦਵਿੰਦਰ ਚਾਵਲਾ, ਪਰਮਜੀਤ ਸਿੰਘ ਚਾਵਲਾ, ਅਰਮਿੰਦਰ ਕਾਲੜਾ, ਬਲਬੀਰ ਸਿੰਘ, ਟੀ.ਪੀ. ਐੱਸ. ਭਾਟੀਆ, ਆਰ.ਐੱਸ.ਕੋਹਲੀ, ਸੁਰਿੰਦਰ ਧਵਨ, ਸੁਰਿੰਦਰ ਮਦਾਨ, ਪ੍ਰਿੰਸੀਪਲ ਸੁਖਦੇਵ ਸ਼ਰਮਾ, ਰਾਕੇਸ ਦੱਤਾ, ਜੀ.ਐੱਸ. ਜੱਦ, ਸ਼ਾਮ ਸੁੰਦਰ ਵਿੱਜ, ਆਰ.ਡੀ. ਗੁਪਤਾ, ਦੀਪਕ ਟਾਂਕ, ਜਤਿੰਦਰ, ਸੰਦੀਪ ਸ਼ਰਮਾ, ਅੰਜੂ ਆਦਿ ਹਾਜ਼ਰ ਸਨ।

## ਕੇਂਦਰੀ ਮੰਤਰੀ ਪਵਨ ਬਾਂਸਲ ਅਤੇ ਵਿਜੈਇੰਦਰ ਸਿੰਗਲਾ 1 ਫਰਵਰੀ ਨੂੰ ਤਪਾ 'ਚ

ਤਪਾ ਮੰਡੀ, 30 ਜਨਵਰੀ (ਯਾਦੂ ਭੁੱਲਰ, ਸੁੱਖੀ ਰਾਈਆ)-ਕੇਂਦਰੀ ਮੰਤਰੀ ਤਪਾ ਦੇ ਜੰਮਪਲ ਪਵਨ ਕੁਮਾਰ ਬਾਂਸਲ ਅਤੇ ਲੋਕ ਸਭਾ ਹਲਕਾ ਸੰਗਰੂਰ ਦੇ ਪਾਰਲੀਮੈਂਟ ਮੈਂਬਰ ਵਿਜੈਇੰਦਰ ਸਿੰਗਲਾ, 1 ਫਰਵਰੀ ਨੂੰ ਤਪਾ ਮੰਡੀ ਵਿਖੇ ਪਹੁੰਚ ਰਹੇ ਹਨ। ਇਹ ਜਾਣਕਾਰੀ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ ਦੇ ਚਚੇਰਾ ਭਰਾ ਮਿਠਣ ਲਾਲ ਬਾਂਸਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਤਪਾ ਨੇ ਦਿੱਤੀ।

## ਇੰਗਲੈਂਡ ਲਈ ਵੀਜ਼ਾ ਦਰਖਾਸਤਾਂ ਥੋੜ੍ਹੇ ਸਮੇਂ ਲਈ ਬੰਦ

### ਜਲੰਧਰ, ਨਵੀਂ ਦਿੱਲੀ, ਚੰਡੀਗੜ੍ਹ ਦੀਆਂ ਵੀਜ਼ਾਂ ਬਰਾਂਚਾਂ ਬੰਦ

ਨਵੀਂ ਦਿੱਲੀ, 30 ਜਨਵਰੀ (ਇੰਟ) ਇੰਗਲੈਂਡ ਜਾਣ ਵਾਲੇ ਵਿਦਿਆਰਥੀਆਂ ਵੱਲੋਂ ਧੜਾ-ਧੜ ਜਮ੍ਹਾਂ ਕਰਵਾਏ ਗਏ। ਵੀਜ਼ਾ ਫਾਰਮਾਂ ਦੀ ਗਿਣਤੀ ਜ਼ਿਆਦਾ ਹੋ ਜਾਣ ਕਾਰਨ ਬਰਤਾਨੀਆ ਨੇ ਉੱਤਰੀ ਭਾਰਤ ਤੋਂ ਹੋਰ ਦਰਖਾਸਤਾਂ ਲੈਣੀਆਂ ਕੁਝ ਸਮੇਂ ਲਈ ਬੰਦ ਕਰ ਦਿੱਤੀਆਂ ਹਨ ਤਾਂ ਕਿ ਪਿਛਲੀਆਂ ਦਰਖਾਸਤਾਂ 'ਤੇ ਕਾਰਵਾਈ ਪੂਰੀ ਹੋ ਸਕੇ ਅਤੇ ਕਿਸੇ ਖਾਮੀ ਦੇ ਰਹਿ ਜਾਣ ਕਾਰਨ ਕੋਈ ਇਸ ਰੁਝੇਵੇ ਦਾ ਨਜ਼ਾਇਜ ਫਾਇਦਾ ਨਾ ਉਠਾ ਸਕੇ। ਦੂਤ ਘਰ ਦੀ ਸੂਚਨਾ ਮੁਤਾਬਿਕ ਸੋਮਵਾਰ ਤੋਂ ਨਵੀਂ ਦਿੱਲੀ, ਚੰਡੀਗੜ੍ਹ, ਜਲੰਧਰ ਵਿਖੇ ਵੀਜ਼ਾ ਦਰਖਾਸਤਾਂ ਨਹੀਂ ਲਈਆਂ ਜਾਣਗੀਆਂ।

# 'ਮੇਲਾ ਚੀਮਿਆਂ ਦਾ' ਕੱਲ੍ਹ ਤੋਂ-ਸਰਬਜੀਤ ਚੀਮਾ

ਜਲੰਧਰ, 30 ਜਨਵਰੀ (ਪ.ਪ.)-ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਗਦਰੀ ਬਾਬਿਆਂ ਦੀ ਯਾਦ ਵਿੱਚ ਉੱਘੇ ਸੱਭਿਆਚਾਰਕ ਲੋਕ ਗਾਇਕ ਸਰਬਜੀਤ ਚੀਮਾ ਦੇ ਯਤਨਾਂ ਨਾਲ ਪਿੰਡ ਚੀਮਾ ਕਲਾਂ ਅਤੇ ਚੀਮਾ ਖੁਰਦ ਵਾਸੀਆਂ ਦੇ ਸਾਂਝੇ ਯਤਨਾਂ ਨਾਲ ਸ਼ੁਰੂ ਕੀਤੇ। 'ਮੇਲਾ ਚੀਮਿਆਂ ਦਾ' ਦੀਆਂ ਸਭ ਤਿਆਰੀਆਂ ਮੁਕੰਮਲ ਹੋ ਗਈਆਂ ਹਨ 1 ਫਰਵਰੀ ਅਤੇ 2 ਫਰਵਰੀ ਨੂੰ ਆਯੋਜਿਤ ਕੀਤੇ ਜਾ ਰਹੇ। ਇਸ ਮੇਲੇ ਬਾਰੇ ਜਾਣਕਾਰੀ ਦਿੰਦਿਆਂ ਸ੍ਰੀ ਸਰਬਜੀਤ ਚੀਮਾ, ਪ੍ਰਵਾਸੀ ਭਾਰਤੀ ਹਰਦੀਪ ਚੀਮਾ, ਚੀਮਾ ਸਪੋਟਰਟਸ ਕਲਚਰਚਲ ਐਂਡ ਵੈੱਲਫੇਅਰ ਕਲੱਬ (ਰਜਿ.) ਦੇ ਪ੍ਰਧਾਨ ਕੁਲਬੀਰ ਸਿੰਘ, ਸੀਨੀਅਰ ਉੱਪ ਪ੍ਰਧਾਨ ਸ੍ਰੀ ਰੌਸ਼ਨ ਚੀਮਾ, ਉੱਪ ਪ੍ਰਧਾਨ ਖੁਸ਼ਪਾਲ ਸਿੰਘ, ਖਜ਼ਾਨਚੀ ਬਲਰਾਜ ਸਿੰਘ, ਸਹਾਇਕ ਖਜ਼ਾਨਚੀ ਰਣਬੀਰ ਚੀਮਾ, ਜਨਰਲ ਸਕੱਤਰ ਗੁਰਤੇਜ ਸਿੰਘ, ਸਹਾਇਕ ਸਕੱਤਰ ਸੰਦੀਪ ਸਿੰਘ, ਮੁੱਖ ਸਲਾਹਕਾਰ ਪ੍ਰਮਿੰਦਰ ਸਿੰਘ, ਸਲਾਹਕਾਰ ਕੰਵਲਜੀਤ ਪੱਪੂ, ਗੁਰਪਾਲ ਸਿੰਘ ਅਤੇ ਹੋਰ ਪਤਵੰਤੇ ਸੱਜਣਾਂ ਨੇ ਦੱਸਿਆ ਕਿ ਇਹ ਦੋ ਦਿਨਾਂ ਮੇਲਾ ਸਮਾਜ ਵਿੱਚ ਕੋਹੜ ਵਾਂਗ ਫੈਲੀਆਂ ਬੁਰਾਈਆਂ ਜਿਨ੍ਹਾਂ ਵਿੱਚ ਭਰੂਣ ਹੱਤਿਆ, ਦਾਜ ਦਹੇਜ, ਨਸ਼ੇ ਆਦਿ ਨੂੰ ਖਤਮ ਕਰਨ ਲਈ ਅਤੇ ਬੱਚਿਆਂ ਨੂੰ ਖੇਡਾਂ ਵੱਲ ਵੱਧ ਤੋਂ ਵੱਧ ਰੁਚਿਤ ਕਰਨ ਪ੍ਰਤੀ ਲੋਕ ਜਾਗ੍ਰਿਤੀ ਪੈਦਾ ਕਰਨ ਨੂੰ ਸਮਰਪਿਤ ਕੀਤਾ ਗਿਆ ਹੈ ਅਤੇ ਇਸ ਖੇਡ ਮੇਲੇ ਵਿੱਚ ਸੰਬੋਧਨ ਹੋਣ ਵਾਲੇ ਹਰ ਬੁਲਾਰੇ ਅਤੇ ਕਲਾਕਾਰ ਵੱਲੋਂ ਇਨ੍ਹਾਂ ਬੁਰਾਈਆਂ ਨੂੰ ਖਤਮ ਕਰਨ ਦਾ ਹੀ ਪ੍ਰਚਾਰ ਕੀਤਾ ਜਾਵੇਗਾ। ਇਸ ਖੇਡ ਮੇਲੇ ਦੇ ਪਹਿਲੇ ਦਿਨ ਕਬੱਡੀ ਟੂਰਨਾਮੈਂਟ ਹੋਣਗੇ। ਜਿਸ ਵਿੱਚ ਜੇਤੂ ਟੀਮਾਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਪਹਿਲੇ ਦਿਨ ਦੇ ਕਬੱਡੀ ਟੂਰਨਾਮੈਂਟ ਦੇ ਮੁੱਖ ਮਹਿਮਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਇਲਾਕੇ ਦੇ ਸੰਸਦ ਮੈਂਬਰ ਸ੍ਰੀ ਮਹਿੰਦਰ ਸਿੰਘ ਕੇ.ਪੀ., ਵਿਧਾਇਕ ਸ੍ਰ. ਅਮਰਜੀਤ ਸਿੰਘ ਸਮਰਾ ਅਤੇ ਸ੍ਰ. ਗੁਰਬਿੰਦਰ ਸਿੰਘ ਅਟਵਾਲ ਹੋਣਗੇ। ਦੋ ਫਰਵਰੀ ਦੇ ਸੱਭਿਆਚਾਰਕ ਮੇਲੇ ਵਿੱਚ ਪਹੁੰਚ ਰਹੀਆਂ ਸ਼ਖਸੀਅਤਾਂ ਵਿੱਚ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ, ਜਥੇਦਾਰ ਅਜੀਤ ਸਿੰਘ ਕੁਹਾੜ, ਬੀਬੀ ਰਾਜਵਿੰਦਰ ਕੌਰ ਭੁੱਲਰ ਵਿਧਾਇਕ, ਸੀਨੀਅਰ ਅਕਾਲੀ ਆਗੂ ਜਥੇਦਾਰ ਕੁਲਦੀਪ ਸਿੰਘ ਵਡਾਲਾ, ਸ੍ਰ. ਡੂੰਗਰ ਸਿੰਘ ਭੁੱਲਰ, ਸ੍ਰ. ਗੁਰਪ੍ਰਤਾਪ ਸਿੰਘ ਵਡਾਲਾ ਤੋਂ ਇਲਾਵਾ ਜਲੰਧਰ ਦੇ ਡਿਪਟੀ ਕਮਿਸ਼ਨਰ ਸ੍ਰੀ ਅਜੀਤ ਸਿੰਘ ਪਨੂੰ ਵਿਸ਼ੇਸ਼ ਤੌਰ ਤੇ ਪੁੱਜਣਗੇ। ਇਸ ਦੋ ਦਿਨਾਂ ਮੇਲੇ ਦੌਰਾਨ ਖੇਡਾਂ ਦੇ ਖੇਤਰ ਵਿੱਚ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਪ੍ਰਮੁੱਖ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਪਦਮ ਸ੍ਰੀ ਕਰਤਾਰ ਸਿੰਘ ਪਹਿਲਵਾਨ, ਕੁਮਾਰੀ ਸੁਰਿੰਦਰ (ਸਮਾਜ ਸੇਵਕਾ), ਸ੍ਰੀ ਵਿਦਿਆ ਰਤਨ (ਅਜ਼ਾਦੀ ਘੁਲਾਟੀਏ), ਰਾਜਿੰਦਰ ਸਿੰਘ ਰਹੇਲੂ (ਅਰਜਨ ਐਵਾਰਡੀ), ਹਰਵਿੰਦਰ ਸਿੰਘ (ਵੇਟ ਲਿਫਟਰ), ਰਾਜਵਿੰਦਰ ਕੌਰ (ਸ਼ਾਟਪੁੱਟ), ਸੰਦੀਪ ਕੌਰ (ਫੁੱਟਬਾਲ), ਜਸਕਰਨ ਕੌਰ (ਫੁੱਟਬਾਲ) ਅਤੇ ਰਾਜਿੰਦਰ ਸਿੰਘ (ਸਪੋਰਟਸ ਮੈਨ) ਜਿਸ ਨੇ ਐਥਲੈਟਿਕਸ ਅਤੇ ਨੇਤਰਹੀਣਾਂ ਦੀਆਂ ਹੋਰ ਖੇਡਾਂ ਵਿੱਚ ਗੋਲਡ ਮੈਡਲ ਸਮੇਤ ਅਨੇਕਾਂ ਪ੍ਰਾਪਤੀਆਂ ਕੀਤੀਆਂ ਹਨ, ਆਦਿ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਸ੍ਰ. ਸਰਬਜੀਤ ਚੀਮਾ ਨੇ ਦੱਸਿਆ ਕਿ 2 ਫਰਵਰੀ ਦੇ ਸੱਭਿਆਚਾਰਕ ਮੇਲੇ ਵਿੱਚ ਵੱਖ-ਵੱਖ ਲੋਕ ਗਾਇਕ ਜਿਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਗਾਇਕੀ ਦੇ ਬਾਬਾ ਬੋਹੜ ਮੁਹੰਮਦ ਸਦੀਕ-ਸੁਖਜੀਤ ਕੌਰ, ਹਰਭਜਨ ਮਾਨ, ਰਾਏ ਜੁਝਾਰ, ਗੁਲਜ਼ਾਰ ਲਾਹੌਰੀਆ, ਚੀਮਾ ਗੁਰਦੀਪ, ਰੋਹਿਤ ਸ਼ਰਮਾ, ਰਾਣਾ ਰਣਬੀਰ ਅਤੇ ਬਿੱਟੂ ਕਰਤਾਰਪੁਰੀ ਆਦਿ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਦੇਸ਼ ਵਿਦੇਸ਼ ਦੇ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਇਸ ਖੇਡ ਮੇਲੇ ਵਿੱਚ ਸਵਰਗੀ ਸ੍ਰ. ਸਰਦਾਰਾ ਸਿੰਘ ਸਪੋਰਟਸ ਕਲੱਬ ਚੀਮਾ ਕਲਾਂ ਅਤੇ ਸਵਰਗੀ ਕਾਮਰੇਡ ਸਰਵਣ ਸਿੰਘ ਚੀਮਾ (ਸਾਬਕਾ ਵਿਧਾਇਕ) ਦੇ ਪਰਿਵਾਰ ਵੱਲੋਂ ਲੰਗਰ ਅਤੇ ਹੋਰ ਕੰਮਾਂ ਵਿੱਚ ਵਿਸ਼ੇਸ਼ ਯੋਗ ਦਿੱਤਾ ਜਾ ਰਿਹਾ ਹੈ।

# ਪੰਜਾਬ ਵਾਸੀਆਂ ਦੀ ਜਾਗੋ ਨੇ ਪਤੰਜਲੀ ਯੋਗ ਪੀਠ ਹਰਿਦੁਆਰ 'ਚ ਪਾਈ ਧੁੰਮ

ਸ਼ਾਹਕੋਟ, ਮਲਸੀਆਂ, 30 ਜਨਵਰੀ (ਪੱਤਰ ਪ੍ਰੇਰਕ)-ਪਤੰਜਲੀ ਯੋਗ ਸਮਤਿ ਜਲੰਧਰ ਦੇ ਵਾਈਸ ਪ੍ਰਧਾਨ ਬਖਸ਼ੀਸ਼ ਸਿੰਘ ਮਠਾੜੂ ਅਤੇ ਮਹਿਲਾ ਪਤੰਜਲੀ ਦੇ ਜ਼ਿਲ੍ਹਾ ਪ੍ਰਧਾਨ ਮੈਡਮ ਮਨਜੀਤ ਕੌਰ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 22 ਜਨਵਰੀ ਤੋਂ 28 ਜਨਵਰੀ ਤੱਕ ਪਤੰਜਲੀ ਯੋਗ ਪੀਠ ਹਰਿਦੁਆਰ 'ਚ ਲੱਗੇ ਮਹਿਲਾ ਵਿਸ਼ੇਸ਼ ਕੈਂਪ ਵਿੱਚ ਪੰਜਾਬ ਸੂਬੇ ਵੱਲੋਂ ਪੇਸ਼ ਕੀਤੀ ਜਾਗੋ ਨੇ ਬਹੁਤ ਧੁੰਮਾਂ ਪਾਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਜਾਗੋ ਟੀਮ ਵਿੱਚ ਸ਼ਾਹਕੋਟ ਦੇ ਮੈਂਬਰਾਂ ਤੋਂ ਇਲਾਵਾ ਜਲੰਧਰ ਦੇ ਮੈਂਬਰ ਵੀ ਸ਼ਾਮਲ ਸਨ। ਇਸ ਜਾਗੋ ਟੀਮ ਨੂੰ ਮੈਡਮ ਨਿਰਮਲ ਅਨੂੰ ਅਤੇ ਮਾਨਸੀ ਸਹਾਇਕ ਜ਼ਿਲ੍ਹਾ ਪ੍ਰਧਾਨ ਵੱਲੋਂ ਤਿਆਰ ਆਈਟਮਾਂ 'ਚ ਇਸ ਆਈਟਮ ਨੂੰ ਦੂਸਰਾ ਸਥਾਨ ਪ੍ਰਾਪਤ ਹੋਇਆ। ਉਨ੍ਹਾਂ ਅੱਗੇ ਹੋਰ ਦੱਸਿਆ ਕਿ ਇਸ ਜਾਗੋ 'ਚ ਸੁਆਮੀ ਜੀ ਵੱਲੋਂ ਸ਼ੁਰੂ ਕੀਤੇ ਭਾਰਤ ਸਵੈਮਾਨ ਅੰਦੋਲਨ ਨੂੰ ਚੰਗੀ ਤਰ੍ਹਾਂ ਉਜਾਗਰ ਕੀਤਾ ਗਿਆ ਸੀ। ਜਾਗੋ ਦੀ ਇਸ ਵਿਜੇਤਾ ਟੀਮ ਵਿੱਚ ਮੈਡਮ ਗੁਰਮੀਤ ਕੌਰ, ਅਰਿੰਦਰ ਕੌਰ, ਰਾਜ ਰਾਣੀ, ਸਵਰਨਜੀਤ ਕੌਰ, ਸੁਮਨ ਭਗਤ, ਤਜਿੰਦਰ ਕੌਰ, ਪਰਮਜੀਤ ਕੌਰ, ਕਮਲਾ, ਪੂਜਾ, ਰੇਸ਼ੋ ਰਾਣੀ ਅਤੇ ਕੁਲਜੀਤ ਕੌਰ ਨੇ ਵਿਸ਼ੇਸ਼ ਤੌਰ 'ਤੇ ਭਾਗ ਲਿਆ। ਜਾਗੋ ਦੀ ਇਸ ਵਿਜੇਤਾ ਟੀਮ ਨੂੰ ਸੋਮਦਤ ਕਾਲੀਆ, ਚੇਅਰਮੈਨ ਦੇਵਰਾਜ ਸ਼ਰਮਾ, ਮਾ. ਕੁਲਦੀਪ ਕੁਮਾਰ ਸਚਦੇਵਾ ਜ਼ਿਲ੍ਹਾ ਕੋਆਰਡੀਨੇਟਰ ਅਧਿ. ਸੰਗਠਨ, ਰਤਨ ਸਿੰਘ ਰੱਖਰਾ ਅਤੇ ਡਾ. ਜਗਦੀਸ਼ ਗੋਇਲ ਨੇ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਹੈ।

# ਰਾਸ਼ਟਰੀ ਪੰਜਾਬੀ ਕਵੀ ਦਰਬਾਰ ਵਿੱਚ ਸ਼ਾਇਰ ਕੰਵਲ ਇਕਬਾਲ ਨੇ ਸਰੋਤਿਆਂ ਨੂੰ ਕੀਤਾ ਮੰਤਰ-ਮੁੰਗਧ

ਦਿੱਲੀ, 30 ਜਨਵਰੀ (ਪੱਤਰ ਪ੍ਰੇਰਕ)-ਦਿੱਲੀ ਸਰਕਾਰ ਦੇ ਅਦਾਰੇ ਪੰਜਾਬੀ ਅਕਾਦਮੀ ਦਿੱਲੀ ਵੱਲੋਂ ਗਣਤੰਤਰ ਦਿਵਸ ਸੰਬੰਧੀ ਪੰਜਾਬੀ ਕਵੀ ਦਰਬਾਰ ਫਿੱਕੀ ਆਡੀਟੋਰੀਅਮ, ਮੰਡੀ ਹਾਊਸ ਨਵੀਂ ਦਿੱਲੀ ਵਿਖੇ ਕਰਵਾਇਆ ਗਿਆ। ਇਸ ਰਾਸ਼ਟਰੀ ਕਵੀ ਦਰਬਾਰ ਵਿੱਚ ਜਲੰਧਰ ਅਤੇ ਕਪੂਰਥਲਾ ਦੋਹਾਂ ਜ਼ਿਲ੍ਹਿਆਂ ਦੇ ਕਵੀਆਂ ਵਿੱਚੋਂ ਸਿਰਜਣਾ ਕੇਂਦਰ ਕਪੂਰਥਲਾ (ਰਜਿ.) ਦੇ ਜਨਰਲ ਸਕੱਤਰ ਸ਼ਾਇਰ ਕੰਵਰ ਇਕਬਾਲ ਨੂੰ ਸ਼ਿਰਕਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਨਾਮਵਰ ਸ਼ਾਇਰਾਂ ਸੁਰਜੀਤ ਪਾਤਰ ਲੁਧਿਆਣਾ, ਡਾ. ਰਾਬਿੰਦਰ ਮਸ਼ਰੂਰ ਕੁਰਕਸ਼ੇਤਰ, ਅਨੂਪ ਸਿੰਘ ਵਿਰਕ ਪਟਿਆਲਾ, ਹਰੀ ਸਿੰਘ ਦਿਲਬਰ ਸਿਰਸਾ, ਸੁਖਵਿੰਦਰ ਸਿੰਘ ਅੰਮ੍ਰਿਤ ਲੁਧਿਆਣਾ, ਡਾ. ਸੁਖਜਿੰਦਰ ਕੌਰ ਕੁਰਕਸ਼ੇਤਰ, ਅਮਰਜੀਤ ਘੁੰਮਣ ਮੁਹਾਲੀ, ਜਸਵਿੰਦਰ ਸਿੰਘ ਰੋਪੜ, ਅਮਰਜੀਤ ਸਿੰਘ ਅਮਰ ਦਿੱਲੀ, ਹਰਭਜਨ ਸਿੰਘ ਮਾਂਗਟ ਲੁਧਿਆਣਾ, ਵਨੀਤਾ ਦਿੱਲੀ, ਜਸਪਾਲ ਘਈ ਫਿਰੋਜ਼ਪੁਰ, ਮੋਹਨਜੀਤ ਦਿੱਲੀ, ਪ੍ਰਮਿੰਦਰਜੀਤ ਅੰਮ੍ਰਿਤਸਰ, ਕੰਵਲ ਇਕਬਾਲ ਕਪੂਰਥਲਾ, ਤ੍ਰੈਲੋਚਨ ਲੋਚੀ ਲੁਧਿਆਣਾ, ਉਸ਼ਮਾ ਦਿੱਲੀ, ਸਵਰਨਜੀਤ ਸਵੀ ਲੁਧਿਆਣਾ, ਆਰ.ਐੱਲ. ਪ੍ਰਦੀਪ ਦਿੱਲੀ, ਸਤੀਸ਼ ਕੁਮਾਰ ਵਰਮਾ ਪਟਿਆਲਾ ਆਦਿ ਨੇ ਕਵੀ ਦਰਬਾਰ ਵਿੱਚ ਆਪੋ-ਆਪਣੀਆਂ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਕਵੀ ਦਰਬਾਰ ਦਾ ਸੰਚਾਲਨ ਸਤੀਸ਼ ਕੁਮਾਰ ਵਰਮਾ ਨੇ ਬੜੇ ਹੀ ਵਧੀਆ ਅੰਦਾਜ਼ ਵਿੱਚ ਕੀਤਾ। ਕੰਵਰ ਇਕਬਾਲ ਹੁਰਾਂ ਨੇ ਦੱਸਿਆ ਕਿ ਨਜ਼ਮ, ਗ਼ਜ਼ਲ, ਗੀਤ ਅਤੇ ਹਾਸ-ਵਿਅੰਗ ਭਰਪੂਰ ਰਚਨਾਵਾਂ ਵਿੱਚੋਂ ਜ਼ਿਆਦਾ ਪ੍ਰਭਾਵ ਤਰਨੁੰਮ ਵਾਲੀਆਂ ਰਚਨਾਵਾਂ ਦਾ ਰਿਹਾ। ਉਨ੍ਹਾਂ ਮੁਤਬਿਕ ਜਦੋਂ ਉਨ੍ਹਾਂ ਨੇ ਆਪਣੀ ਗ਼ਜ਼ਲ ਗਾ ਕੇ ਪੇਸ਼ ਕੀਤਾ ਤਾਂ ਸੂਝਵਾਨ ਸਰੋਤੇ ਦੁਬਾਰਾ ਕਹਿਣ ਦੀ ਫਰਮਾਇਸ਼ ਕਰਦੇ ਹੋਏ ਭਰਵਾਂ ਦਾਦ ਦਿੰਦੇ ਰਹੇ। ਤਕਰੀਬਨ ਸਾਰੇ ਹੀ ਪੰਜਾਬੀ ਹਿੰਦੀ ਟੀ.ਵੀ. ਚੈਨਲਾਂ ਵੱਲੋਂ ਇਸ ਸਮੁੱਚੇ ਪ੍ਰੋਗਰਾਮਾਂ ਦੀ ਰਿਕਾਰਡਿੰਗ ਕੀਤੀ ਗਈ ਜੋ ਕਿ ਸਮੇਂ-ਸਮੇਂ ਪ੍ਰਸਾਰਤ ਕੀਤਾ ਜਾਵੇਗਾ। ਸਭ ਤੋਂ ਅਹਿਮ ਗੱਲ ਇਹ ਰਾਹੀਂ ਕਿ ਅਮਤ੍ਰਿਤ ਸ਼ਇਰਾਂ ਦੇ ਭਰਵੇਂ ਇਕੱਠ ਵਿੱਚੋਂ ਸੁਰਜੀਤ ਪਾਤਰ ਅਤੇ ਕੰਵਰ ਇਕਬਾਲ ਦੀ ਇੰਟਰਵਿਊ ਦਿੱਲੀ ਦੂਰਦਰਸ਼ਨ ਨੇ ਕੀਤੀ, ਜੋ ਕਿ ਆਉਂਦੇ ਦਿਨਾਂ ਵਿੱਚ ਕ੍ਰਮਵਾਰ ਪ੍ਰਸਾਰਿਤ ਕੀਤੀ ਜਾਵੇਗਾ। ਅਮ੍ਰਿਤ ਸ਼ਾਇਰਾਂ ਵੱਲੋਂ ਪੜ੍ਹੀਆਂ ਗਈਆਂ ਰਚਨਾਵਾਂ ਨੂੰ ਛੇਤੀ ਹੀ ਪੰਜਾਬੀ ਅਕਾਦਮੀ ਦਿੱਲੀ ਵੱਲੋਂ ਕਿਤਾਬੀ ਰੂਪ ਵਿੱਚ ਵੀ ਪ੍ਰਕਾਸ਼ਿਤ ਕੀਤੇ ਜਾਣ ਦਾ ਐਲਾਨ ਕੀਤਾ ਗਿਆ। ਮੁੱਖ ਮਹਿਮਾਨ ਪ੍ਰੋ. ਕਿਰਨ ਵਾਲੀਆ (ਭਾਸ਼ਾ, ਸਿਹਤ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਦਿੱਲੀ ਸਰਕਾਰ) ਅਤੇ ਪ੍ਰਧਾਨਗੀ ਕਰ ਰਹੇ ਸ੍ਰੀਮਤੀ ਅਨੀਤਾ ਸਿੰਘ (ਉਪ ਪ੍ਰਧਾਨ, ਪੰਜਾਬੀ ਅਕਾਦਮੀ ਦਿੱਲੀ) ਵੱਲੋਂ ਸੱਦੇ ਗਏ ਨਾਮਵਰ ਸ਼ਾਇਰਾਂ ਨੂੰ ਨਕਦ ਰਾਸ਼ੀ ਅਤੇ ਸਨਮਾਨ ਚਿੰਨ੍ਹ ਪ੍ਰਦਾਨ ਕੀਤੇ ਗਏ। ਪੰਜਾਬੀ ਅਕਾਦਮੀ ਦਿੱਲੀ ਦੇ ਸਕੱਤਰ ਡਾ. ਰਵੇਲ ਸਿੰਘ ਵੱਲੋਂ ਪੰਜਾਬ, ਹਰਿਆਣਾ, ਦਿੱਲੀ, ਜੰਮੂ ਅਤੇ ਉਚੇਤੇ ਤੌਰ 'ਤੇ ਵਿਦੇਸ਼ ਤੋਂ ਆਏ ਸੂਝਵਾਨ ਸਰੋਤਿਆਂ ਸਮੇਤ ਅੰਮਤ੍ਰਿਤ ਸ਼ਾਇਰਾਂ ਦਾ ਵੀ ਧੰਨਵਾਦ ਕੀਤਾ ਗਿਆ।

# ਲੰਡੇ ਦੀ ਟੀਮ ਨੇ ਬਾਜ਼ੀ ਮਾਰੀ, ਜੇਤੂ ਟੀਮਾਂ ਨੂੰ ਕੁਲਬੀਰ ਜ਼ੀਰਾ ਨੇ ਵੰਡੇ ਇਨਾਮ

ਜ਼ੀਰਾ, 30 ਜਨਵਰੀ (ਪ.ਪ.)- ਪਿੰਡ ਵਕੀਲਾਂ ਵਾਲਾ ਵਿਖੇ ਗ੍ਰਾਂਮ ਪੰਚਾਇਤ ਅਤੇ ਯੁਵਕ ਸੇਵਾਂਵਾਂ ਕਲੱਬ ਵੱਲੋ ਬਾਬਾ ਗੋਬਿੰਦ ਦਾਸ ਜ਼ੀ ਅਤੇ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਸਲਾਨਾ ਬਰਸੀ ਮੌਕੇ ਦੋ ਦਿਨਾਂ ਪੇਡੂ ਖੇਡਾ ਮੇਲਾ ਕਰਵਾਇਆ ਗਿਆ। ਜਿਸਦਾ ਰਸਮੀ ਉਦਘਾਟਨ ਸੀਨੀਅਰ ਕਾਂਗਰਸੀ ਆਗੂ ਕੁਲਦੀਪ ਸਿੰਘ ਜੌਹਲ ਅਤੇ ਹਰੀਸ਼ ਜੈਨ ਗੋਗਾ ਨੇ ਰੀਬਨ ਕੱਟ ਕੇ ਰਸਮੀ ਉਦਘਾਟਨ ਕੀਤਾ । ਪਹਿਲਾ ਦਿਨ ਸ਼੍ਰ. ਅਵਤਾਰ ਸਿੰਘ ਮਿਨਾ ਚੇਅਰਮੈਨ ਕੋਆਪ੍ਰੇਟਿਵ ਬੈਕਾਂ ਮੁੱਖ ਮਹਿਮਾਨ ਵਜ਼ੋ ਸ਼ਾਮਿਲ ਹੋਏ। ਤੇ ਦੂਸਰੇ ਦਿਨ ਕੁਲਬੀਰ ਸਿੰਘ ਜ਼ੀਰਾ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ , ਅਤੇ ਐਸ.ਡੀ.ਐਮ ਸ੍ਰੀ ਟੀ.ਐਨ.ਪਾਸੀ ਅਤੇ ਹੋਰ ਪ੍ਰਮੁਖ ਹਸਤੀਆ ਸ਼ਾਮਿਲ ਹੋਈਆ । ਇਸ ਮੌਕੇ ਕਨੇਡੀਅਨ ਸੁਖਦੇਵ ਸਿੰਘ ਵਕੀਲਾਂ ਵਾਲਾ , ਸੁਖਪਾਲ ਸਿੰਘ ਕਨੇਡੀਅਨ , ਸ੍ਰ ਭਗਤ ਸਿੰਘ , ਸਾਬਕਾ ਸਰਪੰਚ ਛਿੰਦਰਪਾਲ ਸਿੰਘ, ਸਾਬਕਾ ਸਰਪੰਚ ਸਰਦੂਲ ਸਿੰਘ ਮਰਖਾਈ , ਗਾਗੋ ਗਿੱਲ , ਅਤੇ ਇਲਾਕੇ ਦੇ ਪੰਚ ਆਦਿ ਹਾਜ਼ਰ ਸਨ। ਖੇਡ ਮੇਲੇ ਦੌਰਾਨ ਕਬੱਡੀ ਵਿੱਚ ਕਾਊਕੇ ਨੇ ਪਹਿਲਾ ਵਕੀਲਾਂ ਵਾਲਾ ਨੇ ਦੂਸਰਾ ਸਥਾਨ ਹਾਸਲ ਕੀਤਾ । ਸੈਮੀਫਾਇਲਲ ਵਿੱਚ ਪਿੰਡ ਲੰਡੇ ਨੂੰ ਪਹਿਲਾ ਸਥਾਨ ਤੇ ਲੰਡੇਕੇ ਨੇ ਦੂਸਰਾ ਸਥਾਨ ਹਾਸਿਲ ਕੀਤਾ । ਪਿੰਡ ਮਾਉਲੀਵਾਲਾ ਦੇ ਵਧੀਆ ਖਿਡਾਰੀ ਪਿੰਦੀ ਨੂੰ ਕਲੱਬ ਨੇ ਵਿਸ਼ੇਸ਼ ਇਨਾਮ ਦੇ ਕੇ ਸਨਮਾਨਿਤ ਕੀਤਾ । ਕਬੱਡੀ ਖੇਡ ਮੁਕਾਬਲਿਆਂ ਦੀ ਕਮੇਟਰੀ ਗੁਰਚਰਨ ਸਿੰਘ ਸਨੇਰ ਅਤੇ ਰਾਜ਼ਬੀਰ ਸਿੰਘ ਨੇ ਵਧੀਆਂ ਢੰਗ ਨਾਲ ਕੀਤੀ ।

# ਸ਼ਰਦ ਪਵਾਰ ਵਿਗਾੜ ਰਹੇ ਨੇ ਮਨਮੋਹਨ ਦਾ ਅਕਸ-ਬਾਸਰਕੇ

## ਮਾਮਲਾ ਮਹਿੰਗਾਈ ਵੱਧਣ ਦਾ



ਅੰਮ੍ਰਿਤਸਰ, 30 ਜਨਵਰੀ (ਮੋਤਾ ਸਿੰਘ) ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਸ. ਇੰਦਰਜੀਤ ਸਿੰਘ ਬਾਸਰਕੇ ਨੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਮੁੱਖੀ ਤੇ ਕੇਂਦਰੀ ਖੇਤੀਬਾੜੀ ਮੰਤਰੀ ਸ੍ਰੀ ਸ਼ਰਦ ਪਵਾਰ ਤੋਂ ਤੁਰੰਤ ਅਸਤੀਫੇ ਦੀ ਮੰਗ ਕੀਤੀ ਹੈ। ਸ. ਬਾਸਰਕੇ ਨੇ ਕਿਹਾ ਕਿ ਸ੍ਰੀ ਸ਼ਰਦ ਪਵਾਰ ਕਿਸੇ ਸਾਜ਼ਿਸ਼ ਤਹਿਤ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਸਾਫ਼-ਸੁਥਰੇ ਅਕਸ ਨੂੰ ਖਰਾਬ ਕਰਨ ਲਈ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਸ਼ਰਦ ਪਵਾਰ ਦੀਆਂ ਗਲਤ ਨੀਤੀਆਂ ਕਾਰਨ ਹੀ ਦੇਸ਼ ਵਿੱਚ ਮਹਿੰਗਾਈ ਸਿਖਰਾਂ ਤੇ ਪੁੱਜ ਗਈ ਹੈ। ਸ. ਬਾਸਰਕੇ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਆਪਣੀ ਚੰਗੀ ਕਾਰਗੁਜ਼ਾਰੀ ਕਰਕੇ ਹੀ ਦੇਸ਼ ਦੇ ਲੋਕਾਂ ਨੇ ਭਾਰੀ ਵੋਟਾਂ ਪਾ ਕੇ ਮੁੜ ਤੋਂ ਦੂਸਰੀ ਵਾਰ ਦੇਸ਼ ਦਾ ਪ੍ਰਧਾਨ ਮੰਤਰੀ ਚੁਣਿਆ ਹੈ ਤੇ ਦੇਸ਼ ਦੇ ਹਰ ਨਾਗਰਿਕ ਦੇ ਦਿਲ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਰਾਜ ਕਰ ਰਹੇ ਹਨ ਪਰ ਕੁਝ ਤਾਕਤਾਂ ਨੂੰ ਇਹ ਚੰਗਾ ਨਹੀਂ ਲੱਗ ਰਿਹਾ। ਜਿਸ ਕਰਕੇ ਇਹ ਸਾਰਾ ਕੁਝ ਵਾਪਰ ਰਿਹਾ ਹੈ। ਸ. ਬਾਸਰਕੇ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਆਪਣੀ ਲਿਆਕਤ ਚੰਗੀ ਕਾਰਗੁਜ਼ਾਰੀ ਅਤੇ ਦੇਸ਼ ਦੀਆਂ ਅੰਦਰੂਨੀ ਅਤੇ ਬਾਹਰੀ ਪਾਲਿਸੀਆਂ ਕਰਕੇ ਹੀ ਹਿੰਦੁਸਤਾਨ ਦਾ ਨਾਮ ਪੂਰੀ ਦੁਨੀਆਂ ਵਿੱਚ ਰੋਸ਼ਨ ਹੋਇਆ ਹੈ। ਜਿਸ ਕਰਕੇ ਦੁਨੀਆਂ ਭਰ ਦੇ ਵਿਕਾਸਸ਼ੀਲ ਦੇਸ਼ਾਂ ਸਮੇਤ ਅਮਰੀਕਾ ਵਰਗੇ ਰਾਸ਼ਟਰਪਤੀ ਵੀ ਡਾ. ਮਨਮੋਹਨ ਸਿੰਘ ਨਾਲ ਸਲਾਹ-ਮਸ਼ਵਰਾ ਕਰਦੇ ਹਨ। ਸ. ਬਾਸਰਕੇ ਨੇ ਕਿਹਾ ਕਿ ਮਹਿੰਗਾਈ ਵੱਧਣ ਲਈ ਭਾਵੇ ਸੂਬਾ ਸਰਕਾਰਾਂ ਵੀ ਦੋਸ਼ੀ ਹਨ ਜਿਨ੍ਹਾਂ ਨੇ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਕੋਈ ਉਚਿੱਤ ਕਦਮ ਨਹੀਂ ਚੁੱਕੇ ਪਰ ਮੁੱਖ ਦੋਸ਼ੀ ਕੇਂਦਰੀ ਮੰਤਰੀ ਸ੍ਰੀ ਸ਼ਰਦ ਪਵਾਰ ਹੀ ਹਨ।

# ਈ. ਟੀ. ਟੀ. ਅਧਿਆਪਕ ਲੰਬੀ ਦੀ ਰੈਲੀ ਲਈ ਹੋਣ ਲੱਗੇ ਲਾਮਬੰਦ

ਸੰਗਰੂਰ, 30 ਜਨਵਰੀ (ਅਵਤਾਰ ਸਿੰਘ ਛਾਜਲੀ)- ਈ.ਟੀ.ਟੀ. ਅਧਿਆਪਕ ਯੂਨੀਅਨ ਸੰਗਰੂਰ ਦੀ ਇੱਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੁਖਬੀਰ ਸਿੰਘ ਦੀ ਪ੍ਰਧਾਨਗੀ ਹੇਠ ਬਨਾਸਰ ਬਾਗ ਵਿਖੇ 13 ਫਰਵਰੀ ਦੀਆਂ ਤਿਆਰੀਆਂ ਸੰਬੰਧੀ ਜਾਇਜ਼ਾ ਲੈਣ ਲਈ ਹੋਈ। ਇਸ ਵਿੱਚ ਸੂਬਾ ਵਿੱਤ ਸਕੱਤਰ ਕੁਲਵਿੰਦਰ ਜਹਾਂਗੀਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਜ਼ਿਲ੍ਹਾ ਸੰਗਰੂਰ ਨਾਲ ਸੰਬੰਧਤ ਸਾਰੇ ਬਲਾਕ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਹਦਾਇਤ ਅਨੁਸਾਰ ਕਿਹਾ ਗਿਆ ਕਿ ਹਰੇਕ ਅਧਿਆਪਕ ਨਾਲ ਘੱਟੋ-ਘੱਟ ਉਸ ਦੇ ਦੋ ਸਾਥੀ ਨਾਲ ਜ਼ਰੂਰ ਸ਼ਾਮਲ ਹੋਣ।

# ਚੀ.ਫ ਖਾਲਸਾ ਦੀਵਾਨ ਤੇ ਸਰਬ ਹਿੰਦ ਵਿਦਿਅਕ ਕਾਨਫਰੰਸਾਂ

ਸਿੱਖ ਰਾਜ ਦੇ ਪਤਨ ਪਿੱਛੋਂ ਅੰਗਰੇਜ਼ਾਂ ਨੇ ਰਾਜਨੀਤਿਕ ਖਲਾਅ ਦੇ ਆਪਣੀ ਇੱਛਾ ਅਨੁਸਾਰ ਨਕਸ਼ ਘੜੇ। ਸਿੱਖਾਂ ਦੀ ਨਸਲਕੁਸ਼ੀ ਲਈ ਕਈ ਯਤਨ ਕੀਤੇ ਗਏ। ਮਹੰਤਗਿਰੀ ਤੇ ਪੁਜਾਰੀਆਂ ਨੂੰ ਦਿੱਤੀ ਖੁੱਲ੍ਹ ਨੇ ਗੁਰਦੁਆਰਿਆਂ ਦੀ ਫਿਜ਼ਾ ਵੀ ਗੰਧਲੀ ਕਰ ਦਿੱਤੀ। ਅੰਗਰੇਜ਼ਾਂ ਦੀ ਹਕੂਮਤ ਦੇ ਪ੍ਰਭਾਵ ਥੱਲੇ ਈਸਾਈ ਵਿਦਿਅਕ ਸੰਸਥਾਵਾਂ ਨੂੰ ਖੁੱਲਦਿਲੀ ਨਾਲ ਦਿੱਤੀ ਜਾਂਦੀ ਆਰਥਿਕ ਸਹਾਇਤਾ ਕਾਰਨ ਸਿੱਖ ਧਰਮ 'ਤੇ ਵੱਡਾ ਪ੍ਰਭਾਵ ਪਿਆ। ਇਸੇ ਪ੍ਰਭਾਵ ਅਧੀਨ ਅੰਮ੍ਰਿਤਸਰ ਦੇ ਹੀ ਚਾਰ ਪੜਾਕੂਆਂ ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਨੇ ਈਸਾਈ ਧਰਮ ਅਪਨਾਉਣ ਦੀ ਇੱਛਾ ਜ਼ਾਹਿਰ ਕਰ ਦਿੱਤੀ। ਜਿਸ ਕਾਰਨ ਸਮੁੱਚੇ ਸਿੱਖ ਜਗਤ ਅੰਦਰ ਇਕ ਰੋਸ ਤੇ ਗ਼ਮ ਦਾ ਗੁਬਾਰ ਬਣ ਗਿਆ। ਕੁੱਝ ਸੂਝਵਾਨ ਸ਼ਖ਼ਸੀਅਤਾਂ ਦੇ ਸਮਝਾਉਣ 'ਤੇ ਇਹ ਵਿਦਿਆਰਥੀ ਆਖੇ ਤਾਂ ਲੱਗ ਗਏ ਪਰ ਸਿੱਖ ਆਗੂਆਂ ਨੂੰ ਇਸ ਘਟਨਾ ਨੇ ਸੋਚਣ ਲਈ ਮਜ਼ਬੂਰ ਕਰ ਦਿੱਤਾ। ਇਸੇ ਸੋਚ ਵਿੱਚੋਂ 1873 ਵਿਚ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ ਹੋਈ। ਜਿਸ ਦੇ ਪਹਿਲੇ ਆਗੂਆਂ ਵਿਚ ਭਾਈ ਹਰਸਾ ਸਿੰਘ ਧੂਪੀਆ, ਭਾਈ ਬੂੜ ਸਿੰਘ, ਭਾਈ ਆਗਿਆ ਸਿੰਘ, ਹਕੀਮ ਗਿਆਨੀ ਹਜ਼ਾਰਾ ਸਿੰਘ, ਸ. ਠਾਕਰ ਸਿੰਘ ਸੰਧਾਵਾਲੀਆ, ਗਿਆਨੀ ਗਿਆਨ ਸਿੰਘ, ਬਾਬਾ ਸਰ ਖੇਮ ਸਿੰਘ ਬੇਦੀ ਅਤੇ ਕੰਵਰ ਬਿਕਰਮ ਸਿੰਘ ਕਪੂਰਥਲਾ ਦੇ ਨਾਮ ਵਿਸ਼ੇਸ਼ ਹਨ। ਸ. ਠਾਕਰ ਸਿੰਘ ਪਹਿਲੇ ਪ੍ਰਧਾਨ ਤੇ ਗਿਆਨੀ ਗਿਆਨ ਸਿੰਘ ਸਕੱਤਰ ਬਣੇ। ਸਿੰਘ ਸਭਾ ਦਾ ਮੂਲ ਉਦੇਸ਼ ਬ੍ਰਾਹਮਣਵਾਦ ਦੇ ਵਿਰੁੱਧ ਸਿੱਖਾਂ ਨੂੰ ਖ਼ਬਰਦਾਰ ਕਰਨਾ ਅਤੇ ਅਜਿਹੇ ਸਾਧਨ ਘੜਨੇ ਸੀ ਜਿਸ ਨਾਲ ਸਿੱਖਾਂ ਅੰਦਰ ਧਰਮ ਦੀ ਜਾਗ੍ਰਿਤੀ ਪੈਦਾ ਹੋਵੇ। ਉਸ ਵਿਚ ਮੁਖ ਤੌਰ 'ਤੇ ਸਿੱਖ ਵਿਦਿਆਲੇ ਸਥਾਪਤ ਕਰਨੇ ਵੀ ਸ਼ਾਮਲ ਸਨ। ਖਾਲਸਾ ਕਾਲਜ ਅੰਮ੍ਰਿਤਸਰ ਇਸੇ ਕੜੀ ਦਾ ਪਹਿਲਾ ਹਿੱਸਾ ਹੈ। ਸਿੰਘ ਸਭਾ ਅਤੇ ਖਾਲਸਾ ਕਾਲਜ ਸਥਾਪਨਾ ਕਮੇਟੀ ਦੇ ਬਹੁਤੇ ਮੁੱਢਲੇ ਮੈਂਬਰਾਂ ਦੇ ਗੁਰਪੁਰੀ ਸਿਧਾਰ ਜਾਣ ਕਾਰਨ ਕੰਮ ਵਿਚ ਅਵੇਸਲਾਪਨ ਤੇ ਢਿਲਮੱਠ ਆ ਗਈ। ਸ. ਸੁੰਦਰ ਸਿੰਘ ਮਜੀਠੀਆ ਨੇ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਖਾਲਸਾ ਦੀਵਾਨ ਅੰਮ੍ਰਿਤਸਰ ਅਤੇ ਖਾਲਸਾ ਦੀਵਾਨ ਲਾਹੌਰ ਨੂੰ ਸਮਿਲਤ ਕਰਨ ਦੀ ਯੋਜਨਾ ਨਾਲ ਇਨ੍ਹਾਂ ਦੇ ਆਗੂਆਂ ਨੂੰ ਇਕੱਠਿਆਂ ਕੀਤਾ ਤੇ ਚੀਫ ਖਾਲਸਾ ਦੀਵਾਨ ਦਾ ਸੰਕਲਪ ਲਿਆ। ਪਰ ਸਮੁੱਚੇ ਰੂਪ ਵਿਚ ਨਜ਼ਰ ਮਾਰੀਏ ਤਾਂ ਜੋ ਤਸਵੀਰ ਉੱਘੜ ਕੇ ਸਾਹਮਣੇ ਆਉਂਦੀ ਹੈ, ਉਸ ਤੋਂ ਸਪੱਸ਼ਟ ਜ਼ਾਹਰ ਹੁੰਦਾ ਹੈ ਕਿ ਸਿੱਖ ਕੌਮ ਆਪਣੇ ਧਰਮ ਵੱਲੋਂ ਅਵੇਸਲੀ ਹੋ ਰਹੀ ਹੈ। ਸਮੁੱਚੀ ਕੌਮ ਕਈ ਪਾਰਟੀਆਂ (ਦਲਾਂ) ਵਿਚ ਵੰਡੀ ਪਈ ਹੈ। ਪੰਥਕ ਏਕਤਾ ਅੱਕ ਦੇ ਪਪੋਲਿਆਂ ਵਾਂਗ ਖਿੰਡ ਰਹੀ ਹੈ। ਰਾਜ ਪ੍ਰਬੰਧ ਸਾਂਭਣ ਦੀ ਯੋਗਤਾ ਰੱਖਣ ਦੇ ਬਾਵਜੂਦ ਵੀ ਕੌਮੀ ਫੁਟ ਕਾਰਨ ਦੂਜਿਆਂ ਦੀ ਦਬੇਲ ਤੇ ਮੁਹਤਾਜ ਬਣੇ ਜਾ ਰਹੇ ਹਨ। ਉਪਰੋਕਤ ਕਾਨਫਰੰਸਾਂ ਦੇ ਮੂਲ ਮਨੋਰਥਾਂ ਅਨੁਸਾਰ ਅੱਜ ਸਿੱਖ ਕੌਮ ਦਾ ਜੀਵਨ ਧਾਰਮਿਕ ਤੌਰ 'ਤੇ ਸੰਪੂਰਨ ਨਹੀਂ ਕਿਹਾ ਜਾ ਸਕਦਾ। ਪੰਜਾਬ ਦੀਆਂ ਵਰਤਮਾਨ ਗੁੰਝਲਦਾਰ ਸਮੱਸਿਆਵਾਂ ਨੂੰ ਸਰਲ ਕਰਨ ਲਈ ਪੰਥਕ ਸ਼ਕਤੀ ਦਾ ਇਕ ਪਲੇਟਫਾਰਮ 'ਤੇ ਆਉਣਾ ਜ਼ਰੂਰੀ ਹੋ ਗਿਆ ਹੈ ਤੇ ਇਹ ਵੀ ਆਸ ਕਰਨੀ ਚਾਹੀਦੀ ਹੈ ਕਿ 63ਵੀਂ ਸਰਬ ਹਿੰਦ ਵਿਦਿਅਕ ਕਾਨਫਰੰਸ ਜੋ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਖੇ ਹੋਣੀ ਹੈ ਵਿਚ ਅਜਿਹਾ ਕੋਈ ਪਲੇਟ ਫਾਰਮ ਬਣਾਇਆ ਜਾਵੇ।



-ਦਿਲਜੀਤ ਸਿੰਘ ਬੇਦੀ

# ਐਮ. ਕੇ. ਕਾਲਜ ਵਿੱਚ 'ਮਾਨਸਿਕ ਸਿਹਤ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ

ਜਲੰਧਰ, 30 ਜਨਵਰੀ (ਸਿੱਖਿਆ ਪ੍ਰਤੀਨਿਧੀ) ਸੀ. ਟੀ. ਗਰੁੱਪ ਆਫ਼ ਇੰਸਟੀਚਿਊਟ, ਸ਼ਾਹਪੁਰ ਦੇ ਐਮ. ਕੇ. ਕਾਲਜ ਆਫ਼ ਐਜੂਕੇਸ਼ਨ ਵਿੱਚ ਮਾਨਸਿਕ ਸਿਹਤ ਵਿਸ਼ੇ 'ਤੇ ਇਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਸਿੱਖਿਆ ਜਗਤ ਦੇ ਜਾਣੇ ਪਛਾਣੇ ਅਤੇ ਰਿਟਾਇਰਡ ਲੈਕਚਰਾਰ ਸ. ਸੁਰਜੀਤ ਸਿੰਘ ਵਾਲੀਆ ਨੇ ਮਾਨਸਿਕ ਸਿਹਤ ਦੀ ਮਹੱਤਤਾ ਅਤੇ ਇਸ ਦੀ ਸੰਭਾਲ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਸ. ਵਾਲੀਆ ਨੇ ਬੀ. ਐੱਡ. ਦੇ ਵਿਦਿਆਰਥੀਆਂ ਨੂੰ ਮਨੋਵਿਗਿਆਨਿਕ ਢੰਗਾਂ ਨਾਲ ਅਧਿਆਪਨ ਕਾਰਜ ਦੀ ਪ੍ਰੇਰਨਾ ਵੀ ਦਿੱਤੀ। ਇਸ ਉਪਰੰਤ ਸ. ਵਾਲੀਆ ਨੇ ਵਿਦਿਆਰਥੀਆਂ ਦੇ ਸਵਾਲਾਂ ਦਾ ਜਵਾਬ ਦਿੱਤਾ। ਕਾਲਜ ਦੇ ਐਕਟਿੰਗ ਪ੍ਰਿੰਸੀਪਲ ਭਾਰਤ ਭੂਸ਼ਣ ਨੇ ਸ੍ਰ. ਵਾਲੀਆ ਦਾ ਧੰਨਵਾਦ ਕੀਤਾ।

# ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਵੱਲੋਂ ਕਾਨਫਰੰਸ 3 ਨੂੰ-ਰਾਮਾ

ਮੋੜ ਮੰਡੀ: 30 ਜਨਵਰੀ:ਸ਼ਾਮ ਲਾਲ ਜੋਧਪੁਰੀਆ: ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜਿਲਾ ਬਠਿੰਡਾ ਦੇ ਪ੍ਰਧਾਨ ਸ ਰਾਮਕਰਨ ਸਿੰਘ ਰਾਮਾਂ ਨੇ ਪਿੰਡ ਸੰਦੋਹਾ ਵਿਖੇ ਸਾਡੇ ਪੱਤਰਕਾਰ ਨੂੰ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜਿਲਾ ਬਠਿੰਡਾ ਨੇ ਕਿਸਾਨਾਂ ਦੇ ਮੁੱਦੇ ਨੂੰ ਲੈ ਕੇ 3 ਫਰਵਰੀ, 2010 ਦਿਨ ਬੁੱਧਵਾਰ ਨੂੰ ਬਹੁਤ ਵੱਡੀ ਕਾਨਫਰੰਸ ਕੀਤੀ ਜਾ ਰਹੀ ਹੈ, ਇਸ ਕਾਨਫਰੰਸ ਨੂੰ ਸ ਅਜਮੇਰ ਸਿੰਘ ਲੱਖੋਵਾਲ ਪ੍ਰਧਾਨ, ਚੇਅਰਮੈਨ ਪੰਜਾਬ ਮੰਡੀ ਬੋਰਡ ਸਬੋਧਨ ਕਰਨਗੇ । ਇਹਨਾਂ ਨੇ ਕਿਹਾ ਕਿ ਕਿਸਾਨਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਵੱਡੀ ਦਿਣਤੀ ਵਿੱਚ ਪਜੁਚ ਕੇ ਇਸਨੂੰ ਸਫਲ ਕਰਨ ਇਸ ਕਾਨਫਰੰਸ ਨੂੰ ਕਾਮਯਾਬ ਕਰਨ ਲਈ ਸਾਰੀਆਂ ਤਿਆਂਰੀਆਂ ਕਰ ਲਈਆਂ ਗਈਆਂ ਹਨ । ਇਸ ਸਬੰਧੀ ਵੱਖ ਵੱਖ ਪਿੰਡਾਂ ਜਿਵੇ ਕਿ ਪਿੰਡ ਸ਼ੇਖਪੁਰਾ, ਰਾਜਗੜ ਕੁੱਬੇ, ਬੁਰਜ ਮਾਨਸਾ, ਟਾਹਲਾ ਸਾਹਿਬ, ਮਾਈਸਰ ਖਾਨਾ, ਯਾਤਰੀ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ । ਇਸ ਮੋਕੇ ਤੇ ਹਰਦੇਵ ਸਿੰਘ ਸੰਦੋਹਾ, ਮਲਕੀਤ ਸਿੰਘ , ਕੁਲਵੰਤ ਸਿੰਘ, ਹਾਕਮ ਸਿੰਘ, ਮਾਘੀ ਸਿੰਘ ਗਾਟਵਾਲੀ, ਸੁਖਦੇਵ ਸਿੰਘ, ਦਰਸ਼ਨ ਸਿੰਘ ਖਜਾਨਚੀ, ਮੱਖਣ ਸਿੰਘ , ਨਾਜਰ ਸਿੰਘ ਮਾਨ, ਗੁਰਮੇਲ ਸਿੰਘ ਸਿੱਧੂ ਹਾਜਿਰ ਸਨ ।

# ਜੀ. ਸੀ. ਡੇਅਰੀ ਵਿਖੇ ਧਾਰਮਿਕ ਸਮਾਗਮ ਅੱਜ

ਜਲੰਧਰ, 30 ਜਨਵਰੀ (ਮਲਕੀਤ ਸਿੰਘ ਬਰਾੜ) ਉੱਘੇ ਸਮਾਜ ਸੇਵੀ ਆਗੂ ਅਤੇ ਕਿਸਾਨਾਂ ਨੂੰ ਡੇਅਰੀ ਫਾਰਮਿੰਗ ਵਿੱਚ ਅਗਵਾਈ ਦੇਣ ਵਾਲੇ ਸਫ਼ਲ ਕਿਸਾਨ ਅਤੇ ਜੀ. ਸੀ. ਡੇਅਰੀ ਦੇ ਸੰਚਾਲਕ ਸ. ਪ੍ਰੀਤਮ ਸਿੰਘ ਕੋਟ ਭਾਈ ਵੱਲੋਂ ਹਰੇਕ ਸਾਲ ਮਾਘ ਦੇ ਮਹੀਨੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਅਤੇ ਸਰਬਤ ਦੇ ਭਲੇ ਦੀ ਅਰਦਾਸ ਲਈ ਰਖਵਾਏ ਜਾਂਦੇ ਲੜੀਵਾਰ ਅਖੰਡ ਪਾਠਾਂ ਦੀ ਆਖ਼ਰੀ ਲੜੀ ਦੇ ਅਖੰਡ ਪਾਠ ਦੇ ਭੋਗ 31 ਜਨਵਰੀ ਦਿਨ ਐਤਵਾਰ ਨੂੰ ਪਾਏ ਜਾ ਰਹੇ ਹਨ। ਇਸ ਮੌਕੇ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਸਖਸ਼ੀਅਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੀਆਂ। ਜਿਕਰਯੋਗ ਹੈ ਕਿ ਸਮਾਜ ਸੇਵੀ ਸ. ਪ੍ਰੀਤਮ ਸਿੰਘ ਕੋਟ ਭਾਈ ਵੱਲੋਂ ਕੜਾਕੇ ਦੀ ਠੰਡ ਦੇ ਦਿਨਾਂ ਦੌਰਾਨ ਜਦੋਂ ਦਿਹਾੜੀਦਾਰ ਗਰੀਬ ਲੋਕਾਂ ਲਈ ਰੋਜ਼ਗਾਰ ਮਿਲਣਾ ਬੰਦ ਹੋ ਜਾਂਦਾ ਹੈ ਤਾਂ ਅਜਿਹੇ ਪਰਿਵਾਰਾਂ ਦੀ ਰੋਟੀ ਦੇ ਪ੍ਰਬੰਧ ਅਤੇ ਸਰੱਬਤ ਦੇ ਭਲੇ ਖਾਤਰ ਜੀ. ਸੀ. ਡੇਅਰੀ ਵਿਖੇ ਪੂਰਾ ਇੱਕ ਮਹੀਨਾ ਖੁੱਲ੍ਹੇ ਲੰਗਰ ਚਲਾਏ ਜਾਂਦੇ ਹਨ। ਜਿਸ ਦੌਰਾਨ ਇੱਥੇ ਲਗਾਤਾਰ ਸ੍ਰੀ ਅਖੰਡ ਪਾਠ ਸਾਹਿਬ ਰਖਾਵਾ ਕੇ ਗੁਰਬਾਣੀ ਦਾ ਪ੍ਰਵਾਹ ਦਿਨ ਰਾਤ ਚਲਾਇਆ ਜਾਂਦਾ ਹੈ। ਸਮੁੱਚੇ ਪਿੰਡ ਕੋਟ ਭਾਈ ਅਤੇ ਇਲਾਕੇ ਦੇ ਹੋਰ ਪਿੰਡਾਂ ਤੋਂ ਵੀ ਸੰਗਤ ਆ ਕੇ ਇਸ ਮਹਾਨ ਕਾਰਜ ਵਿੱਚ ਸ਼ਾਮਲ ਹੁੰਦੀ ਹੈ।

# ਬਰਸੀ ਸਮਾਗਮ ਜਾਰੀ

ਮਸਤੂਆਣਾ ਸਾਹਿਬ, 30 ਜਨਵਰੀ (ਅਵਤਾਰ ਸਿੰਘ ਛਾਜਲੀ)-ਸੰਤ ਬਾਬਾ ਅਤਰ ਸਿੰਘ ਮਹਾਰਾਜ ਦੀ 83ਵੀਂ ਬਰਸੀ ਸੰਤ ਅਤਰ ਸਿੰਘ ਟਰੱਸਟ ਅਤੇ ਅਕਾਲ ਕਾਲਜ ਕੌਂਸਲ ਦੇ ਪ੍ਰਧਾਨ ਸ੍ਰ. ਸੁਖਦੇਵ ਸਿੰਘ ਢੀਂਡਸਾ ਅਤੇ ਜਥੇ ਦੇ ਮੁੱਖ ਸੇਵਾਦਾਰ ਸੰਤ ਸੁਰਜੀਤ ਸਿੰਘ ਮਹੰਤ ਵੱਲੋਂ ਇਲਾਕੇ ਅਤੇ ਦੇਸ਼-ਵਿਦੇਸ਼ ਦੀਆਂ ਸ਼ਰਧਾਲੂ ਸੰਗਤਾਂ ਵੱਲੋਂ 30 ਜਨਵਰੀ ਤੋਂ ਸ਼ੁਰੂ ਹੋ ਕੇ 32 ਅਤੇ 2 ਫਰਵਰੀ ਨੂੰ ਬੜੀ ਧੂਮ-ਧਾਮ ਨਾਲ ਮਨਾਈ ਜਾ ਰਹੀ ਹੈ।

## ਭੁੱਲ ਦੀ ਸੋਧ

ਰੋਜ਼ਾਨਾ 'ਅੱਜ ਦੀ ਆਵਾਜ਼' ਦੇ 19 ਜਨਵਰੀ ਦੇ ਅੰਕ 'ਚ ਸਫ਼ਾ 7 'ਤੇ ਲੱਗੇ ਫੀਚਰ 'ਚ ਲੇਖਕ ਦਾ ਨਾਮ ਛੱਪਣ ਤੋਂ ਰਹਿ ਗਿਆ ਸੀ। ਇਸ ਨੂੰ ਲੇਖਕ ਦੇ ਨਾਮ 'ਮੋਹਨ ਸਿੰਘ ਖਾਪੜ ਖੇੜੀ' ਸਹਿਤ ਪੜਿਆ ਜਾਵੇ।

## ਸੂਚਨਾ

ਇੱਕ AP ਦੀ ਅਰਜ਼ੀ ANA No. 4876 ਮਿਤੀ 29/11/90 ਜੋ ਕਿ ਹਰਜਸ ਸਿੰਘ ਪੁੱਤਰ ਛੋਟਾ ਸਿੰਘ ਪਿੰਡ ਖੜਕ ਸਿੰਘ ਵਾਲਾ ਦੇ ਨਾਮ 'ਤੇ ਹੈ ਉਨ੍ਹਾਂ ਦੀ ਮੌਤ ਹੋਣ ਕਾਰਨ ਅਮ੍ਰਿਤਪਾਲ ਸਿੰਘ ਪੁੱਤਰ ਹਰਜਸ ਸਿੰਘ ਵੱਲੋਂ ਅਰਜ਼ੀ ਆਈ ਹੈ ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ 15 ਦਿਨਾਂ ਵਿੱਚ ਨਿਮਨ ਹਸਤਾਖਰ ਕੋਲ ਕਰ ਸਕਦਾ ਹੈ ਉਸ ਤੋਂ ਬਾਅਦ ਨਾਮ ਬਦਲ ਦਿੱਤਾ ਜਾਵੇਗਾ।

ਸਹੀ/-
ਸਹਾਇਕ ਕਾਰਜਕਾਰੀ ਇੰਜੀਨੀਅਰ
ਅਰਧ ਸ਼ਹਿਰੀ ਉਪ ਮੰਡਲ
ਪੰ.ਰਾ.ਬਿ.ਬੋਰਡ, ਮੌੜ

## ਦਫ਼ਤਰ ਨਗਰ ਕੌਂਸਲ ਕਪੂਰਥਲਾ

### (ਪਬਲਿਕ ਨੋਟਿਸ)

ਤਸਦੀਕ ਕੀਤਾ ਜਾਂਦਾ ਹੈ ਕਿ ਨਗਰ ਕੌਂਸਲ ਦੇ ਰਿਕਾਰਡ ਵਿੱਚ ਪ੍ਰੋਪਰਟੀ ਨੰ. ਬੀ3/91 ਅਤੇ ਬੀ3/93ਏ ਮੁਹੱਲਾ ਜੱਟਪੁਰਾ ਕਪੂਰਥਲਾ ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਹਰਬੰਸ ਸਿੰਘ ਦੇ ਨਾਮ ਤੇ ਦਰਜ ਹੈ ਜਿਹਨਾਂ ਦੀ ਮੌਤ ਮਿਤੀ 06.10.1998 ਨੂੰ ਹੋ ਗਈ ਸੀ। ਹੁਣ ਸ੍ਰੀ ਜਤਿੰਦਰ ਬੇਦੀ ਅਤੇ ਸ੍ਰੀ ਵਰਿੰਦਰ ਬੇਦੀ ਪੁੱਤਰ ਸ੍ਰੀ ਰਾਜ ਕੁਮਾਰ ਨੇ ਦਰਖਾਸਤ ਦਿੱਤੀ ਹੈ ਕਿ ਉਹਨਾਂ ਦੇ ਪਿਤਾ ਜੀ ਨੇ 13.07.1998 ਨੂੰ ਇੱਕ ਅਨਰਜਿਸਟਰਡ ਵਸੀਅਤ ਉਹਨਾਂ ਦੇ ਹੱਕ ਵਿੱਚ ਕੀਤੀ ਹੈ ਕਿ ਉਕਤ ਵਸੀਅਤ ਅਨੁਸਾਰ ਉਕਤ ਪ੍ਰੋਪਰਟੀ ਉਹਨਾਂ ਦੇ ਨਾਮ ਤੇ ਦਰਜ਼ ਕਰ ਦਿੱਤੀ ਜਾਵੇ। ਬਿਨੈਕਾਰ ਨੇ ਇੱਕ ਹਲਫੀਆ ਬਿਆਨ ਵੀ ਦਿੱਤਾ ਹੈ ਕਿ ਉਕਤ ਪ੍ਰੋਪਰਟੀ ਸਬੰਧੀ ਕੋਈ ਉਜਰ ਨਹੀਂ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਇਸ ਪ੍ਰਕਾਸ਼ਨਾ ਤੋਂ 30 ਦਿਨਾਂ ਦੇ ਅੰਦਰ ਨਗਰ ਕੌਂਸਲ ਦੇ ਦਫ਼ਤਰ ਵਿਖੇ ਦੇ ਸਕਦਾ ਹੈ ਇਸ ਸਮੇਂ ਤੱਕ ਜੇਕਰ ਕੋਈ ਇਤਰਾਜ਼ ਨਾ ਆਇਆ ਜਾਂ ਇਤਰਾਜ਼ ਵਾਜਿਬ ਨਾ ਹੋਇਆ ਤਾਂ ਇਹ ਪ੍ਰੋਪਰਟੀ ਸਿਰਫ਼ ਹਾਊਸ ਟੈਕਸ ਮੰਤਵ ਲਈ ਸ੍ਰੀ ਜਤਿੰਦਰ ਬੇਦੀ ਅਤੇ ਸ੍ਰੀ ਵਰਿੰਦਰ ਬੇਦੀ ਪੁੱਤਰ ਸ੍ਰੀ ਰਾਜ ਕੁਮਾਰ ਦੇ ਨਾਮ ਤੇ ਦਰਜ ਕਰ ਦਿੱਤੀ ਜਾਵੇਗੀ ਅਤੇ ਇਸ ਤੋਂ ਬਾਅਦ ਕੋਈ ਉਜਰ ਨਹੀਂ ਸੁਣਿਆ ਜਾਵੇਗਾ।

ਸਹੀ/-
ਕਾਰਜ ਸਾਧਕ ਅ.ਫਸਰ,
ਨਗਰ ਕੌਂਸਲ, ਕਪੂਰਥਲਾ।

## ਕਲਾਸੀਫਾਈਡ

### CHANGE OF NAME

I, Sat Pal S/o Mehanga Ram R/o V.P.O. Uppal Jagir Teh. Phillaur Distt. Jalandhar have change my name from Sat Pal to Satnam please note all concerned.

I, Jaswinder Kaur D/o Milkha Singh R/o Vikas Nagar Shahkot (Jalandhar) have changed my name Aashna Singh.

I, Usha Gupta D/o Yog Raj W/o Roshan Lal Aggarwal R/o Nai Abadi, B-7/152 Phillaur Distt. Jalandhar Pb. India have changed my name from Usha Gupta to Usha Aggarwal after my marriage.

I, Harpreet Singh S/o Gurdeep Singh R/o V.P.O. Nagar Teh. Phillaur, Distt. Jalandhar Pb. India have changed my name from Harpreet Singh to Harpreet Singh Chohan.

I, Resham Kaur W/o Tarlochan Singh R/o Vill. Garhi Mahan Singh P.O. Apra Teh. Phillaur Distt. Jalandhar Pb. India have changed my name from Resham Kaur to Resham Kaur Alias Manjit Kaur.

I, Manjeet Kaur W/o Mr. Sandeep Saini Longia R/o Moh. Guru Nanak Nagar, PS. City Phagwara Distt. Kapurthala, Punjab India have changed my name Manjeet Kaur to Manjeet Kaur Longia after marriage. All concerned please note.

I, Sanjeev Kumar S/o Vijay Kumar R/o H.No. 19 Moh. Chintpurni V.P.O. Garha Distt. Jalandhar have changed my name from Sanjeev Kumar to Sanjeev Kumar Prasher. All concern to note.

I, Yadwinder Singh S/o Mr. Lakhwinder Singh R/o Khal Wara Colony PS. Phagwara Sadar Phagwara, Distt, Kapurthala Punjab India have changed my name from Yadwinder Singh to Yadwinder Singh Ghuman. All concerned please note.

I, Sukhwinder Kaur W/o Kuldip Singh Kang R/o V.P.O. Tehang Teh. Phillaur Distt. Jalandhar Pb. India have changed my name from Sukhwinder Kaur to Sukhwinder Kaur Kang.

I, Resham Kaur W/o Tarlochan Singh R/o Vill. Garhi Mahan Singh P.O. Apra, Teh. Phillaur Distt. Jalandhar Pb. India have changed my name from Resham Kaur to Resham Kaur Alias Manjeet Kaur.

### ਨਾਮ ਬਦਲੀ

ਮੈਂ ਮਲਕੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਨਵੀਂ ਆਬਾਦੀ ਜ਼ੀਰਾ ਗੇਟ ਫਿਰੋਜ਼ਪੁਰ ਸ਼ਹਿਰ ਨੇ ਆਪਣਾ ਨਾਮ ਬਦਲਕੇ ਮਲਕੀਤ ਸਿੰਘ ਰਠੋੜ ਰੱਖ ਲਿਆ ਹੈ ਸਬੰਧਤ ਨੋਟ ਕਰਨ।

ਮੈਂ, ਯਾਦਵਿੰਦਰ ਸਿੰਘ ਪੁੱਤਰ ਮਹਿੰਗਾ ਸਿੰਘ ਵਾਸੀ ਪਿੰਡ ਅਠੋਲਾ ਜ਼ਿਲ੍ਹਾ ਜਲੰਧਰ ਹੁਣ ਅਮਰੀਕਾ ਰਹਿ ਰਿਹਾ ਹਾਂ ਆਪਣਾ ਨਾਮ ਬਦਲ ਕੇ ਯਾਦਵਿੰਦਰ ਸਿੰਘ ਸੋਹਲ ਰੱਖ ਰਿਹਾ ਹਾਂ। ਸਬੰਧਤ ਨੋਟ ਕਰਨ।

ਮੈਂ ਗੁਰਦਾਸ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਸ਼ਾਹਪੁਰ ਦਾਖਲੀ ਝੋਟਿਆਂ ਵਾਲੀ ਤਹਿ. ਫਾਜ਼ਿਲਕਾ ਜ਼ਿਲ੍ਹਾ ਫਿਰੋਜ਼ਪੁਰ ਨੇ ਆਪਣਾ ਨਾਮ ਬਦਲਕੇ ਗੁਰਦਾਸ ਸਿੰਘ ਖੋਸਾ ਰੱਖ ਲਿਆ ਹੈ ਸਬੰਧਤ ਨੋਟ ਕਰਨ।

ਮੈਂ ਜਰਨਲਜੀਤ ਸਿੰਘ ਪੁੱਤਰ ਮਹਿੰਦਰ ਸਿੰਘ # 843, ਵਾਸੀ ਗੁਰੂ ਅੰਗਦ ਨਗਰ ਮੁਕਤਸਰ ਨੇ ਆਪਣਾ ਨਾਂ ਬਦਲੀ ਕਰਕੇ ਜਸਪਿੰਦਰ ਸਿੰਘ ਰਾਏ ਰੱਖ ਲਿਆ ਹੈ।

### ਬੇਦਖ਼ਲੀ

ਮੈਂ ਸੁਰੇਸ਼ ਕੁਮਾਰ ਪੁੱਤਰ ਵਿਜੇ ਕੁਮਾਰ ਮੁਹੱਲਾ ਸੋਰੀਆਂ ਨਜ਼ਦੀਕ ਸ਼ੀਤਲਾ ਮੰਦਿਰ ਕਪੂਰਥਲਾ ਹੇਠ ਲਿਖਿਆ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਮਨ ਕੁਮਾਰ ਅਤੇ ਮੇਰੀ ਨੂੰਹ ਮੀਨਾਕਸ਼ੀ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਦੋਨਾਂ ਨੂੰ ਆਪਣੀ ਤਮਾਮ ਜਾਇਦਾਦ, ਚੱਲ-ਅਚੱਲ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਬਾਅਦ ਜੇਕਰ ਕੋਈ ਇਹਨਾਂ ਨਾਲ ਲੈਣ-ਦੇਣ ਕਰੇਗਾ ਉਹ ਖ਼ੁਦ ਜ਼ਿੰਮੇਵਾਰ ਹੋਵੇਗਾ।

# ਵੱਧਦੀ ਮਹਿੰਗਾਈ ਕੇਂਦਰ ਸਰਕਾਰ ਦੀਆਂ .ਗਲਤ ਨੀਤੀਆਂ ਦਾ ਸਿੱਟਾ-ਕਾਂਝਲਾ

ਮਹਿਲ ਕਲਾਂ, 30 ਜਨਵਰੀ (ਬਲਵਿੰਦਰ ਸਿੰਘ ਵਜੀਦਕੇ)-ਕੇਂਦਰ ਸਰਕਾਰ ਨੇ ਜ਼ਖੀਰੇਬਾਜ਼ਾਂ ਨੂੰ ਨੱਥ ਪਾਉਣ ਦੀ ਥਾਂ ਖੁੱਲ੍ਹੀ ਛੁੱਟੀ ਦੇ ਕੇ ਕਰਕੇ ਮਹਿੰਗਾਈ ਦਿਨਾਂ ਵਿੱਚ ਹੀ ਅਸਮਾਨ ਛੋਹ ਗਈ ਹੈ।' ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਰਾਸ਼ਟਰੀ ਮੀਤ ਪ੍ਰਧਾਨ ਪ੍ਰਮੁੱਖ ਹਲਕਾ ਇੰਚਾਰਜ ਸ੍ਰ. ਗੋਬਿੰਦ ਸਿੰਘ ਕਾਂਝਲਾ ਸਾਬਕਾ ਕੈਬਨਿਟ ਮੰਤਰੀ ਨੇ ਪਿੰਡ ਛਾਪਾ ਦੇ ਸਰਵ ਪੱਖੀ ਵਿਕਾਸ ਲਈ ਨਗਰ ਪੰਚਾਇਤ ਨੂੰ ਦਸ ਲੱਖ ਰੁਪਏ ਦਾ ਚੈੱਕ ਭੇਟ ਕਰਨ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਮਹਿੰਗਾਈ ਨੂੰ ਠੱਲ੍ਹਣ ਲਈ ਕੋਈ ਠੋਸ ਫੈਸਲਾ ਲੈਣ ਦੀ ਥਾਂ ਸਰਕਾਰ ਦੇ ਵਜ਼ੀਰਾਂ ਵੱਲੋਂ ਬੇਤੁਕੀ ਬਿਆਨਬਾਜ਼ੀ ਕਰਕੇ ਲੋਕਾਂ ਦੇ ਜ਼ਖ਼ਮਾਂ ਉਪਰ ਲੂਣ ਭੁੱਕਿਆ ਜਾ ਰਿਹਾ ਹੈ। ਸ੍ਰ. ਕਾਂਝਲਾ ਨੇ ਕੇਂਦਰ ਸਰਕਾਰ ਉੱਪਰ ਮਤਰੇਈ ਮਾਂ ਵਾਲਾ ਸਲੂਕ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਦੂਜੇ ਰਾਜਾਂ ਦੇ ਬਰਾਬਰ ਪੰਜਾਬ ਨੂੰ ਬਣਦੀਆਂ ਰਿਆਇਤਾਂ ਦੇਣ ਤੋਂ ਪਾਸਾ ਵੱਟਿਆ ਜਾ ਰਿਹਾ ਹੈ। ਸ੍ਰ. ਕਾਂਝਲਾ ਨੇ ਕਿਹਾ ਕਿ ਹਲਕੇ ਲਈ ਆਈ ਤਿੰਨ ਕਰੋੜ ਰੁਪਏ ਦੀ ਰਾਸ਼ੀ ਵਿੱਚੋਂ ਬਿਨਾਂ ਕਿਸੇ ਵਿਤਕਰੇ ਤੋਂ ਸਾਰੀਆਂ ਪੰਚਇਤਾਂ ਨੂੰ ਪੜਾਅਵਾਰ ਵੰਡ ਕੀਤੀ ਜਾਵੇਗੀ। ਉਨ੍ਹਾਂ ਸਮੂੰਹ ਪੰਚਾਇਤਾਂ ਨੂੰ ਗੁੱਟਬੰਦੀ ਤੋਂ ਉਪਰ ਉਠ ਕੇ ਹਲਕੇ ਦੀ ਨੁਹਾਰ ਬਦਲਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ।



ਪਿੰਡ ਆਲੀਕੇ ਵਿਖੇ ਲਾਏ ਵਰਕ ਕੈਂਪ ਦੇ ਦ੍ਰਿਸ਼। ਫੋਟੋ-ਸੁਖੀ ਰਈਆ

## ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ

'ਅੱਜ ਦੀ ਆਵਾਜ਼' ਦੀ ਮੈਨੇਜਮੈਂਟ ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

*ਸੰਪਾਦਕ, ਪ੍ਰਕਾਸ਼ਕ ਤੇ ਪ੍ਰਿੰਟਰ ਗੁਰਦੀਪ ਸਿੰਘ ਨੇ 'ਪੰਥ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ' ਜਲੰਧਰ ਲਈ ਮੈਸ: ਨਿਊ ਦਸ਼ਮੇਸ਼ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ 178-179, ਰਣਜੀਤ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।*

ਸੰਪਾਦਕ - ਗੁਰਦੀਪ ਸਿੰਘ
ਕਾਰਜਕਾਰੀ ਸੰਪਾਦਕ - ਬਲਜੀਤ ਸਿੰਘ ਬਰਾੜ

RNI Regd. No. 46843/90, Postel Regd. No. PB/0007/09-2011
ਟੈਲੀਫੋਨ ਨੰ. 0181- 4626370-2235707 ਫੈਕਸ ਨੰ. : 0181-2225427, 2235427
ਪੋਸਟ ਬਾਕਸ ਨੰ 46 info@ajdiawaaz.com